# IRCC ਦੁਆਰਾ ਫੰਡ ਕੀਤੀਆਂ ਸੈਟਲਮੈਂਟ ਪ੍ਰੋਗਰਾਮ ਸੇਵਾਵਾਂ ਲਈ ਯੋਗਤਾ ਵਿੱਚ ਆਉਣ ਵਾਲੀਆਂ ਤਬਦੀਲੀਆਂ ਬਾਰੇ ਮਹੱਤਵਪੂਰਨ ਜਾਣਕਾਰੀ

## ਕੀ ਬਦਲ ਰਿਹਾ ਹੈ?

1 ਅਪ੍ਰੈਲ, 2026 ਨੂੰ, ਆਰਥਿਕ ਸ਼੍ਰੇਣੀ ਦੇ ਪ੍ਰਵਾਸੀ ਸੈਟਲਮੈਂਟ ਸੇਵਾਵਾਂ ਦੀ ਕਿੰਨੇ ਸਮੇਂ ਲਈ ਵਰਤੋਂ ਕਰ ਸਕਦੇ ਹਨ, ਇਸ ਵਿੱਚ ਬਦਲਾਅ ਆਵੇਗਾ। ਆਰਥਿਕ ਸ਼੍ਰੇਣੀ ਦੇ ਪ੍ਰਵਾਸੀ, ਸਥਾਈ ਨਿਵਾਸੀ ਬਣਨ ਦੀ ਮਿਤੀ ਤੋਂ ਗਿਣਤੀ ਸ਼ੁਰੂ ਕਰਦੇ ਹੋਈ (ਜਾਂ ਜਦੋਂ ਤੱਕ ਉਹ ਕੈਨੇਡੀਅਨ ਨਾਗਰਿਕ ਨਹੀਂ ਬਣ ਜਾਂਦੇ, ਜੇਕਰ ਇਹ ਪਹਿਲਾਂ ਹੋ ਜਾਵੇ), ਛੇ ਸਾਲਾਂ ਲਈ IRCC ਦੁਆਰਾ ਫੰਡ ਕੀਤੀਆਂ ਸੈਟਲਮੈਂਟ ਸੇਵਾਵਾਂ ਲਈ ਯੋਗ ਹੋਣਗੇ। ਇਹ ਬਦਲਾਅ ਮੌਜੂਦਾ ਅਤੇ ਭਵਿੱਖ ਦੇ ਸਥਾਈ ਨਿਵਾਸੀਆਂ 'ਤੇ ਲਾਗੂ ਹੁੰਦਾ ਹੈ।

ਜੇਕਰ ਤੁਸੀਂ ਆਰਥਿਕ ਸ਼੍ਰੇਣੀ ਦੇ ਪ੍ਰਵਾਸੀ ਹੋ ਅਤੇ 1 ਅਪ੍ਰੈਲ, 2020 ਨੂੰ ਜਾਂ ਉਸ ਤੋਂ ਪਹਿਲਾਂ ਸਥਾਈ ਨਿਵਾਸੀ ਬਣੇ ਸੀ, ਤਾਂ ਸੈਟਲਮੈਂਟ ਪ੍ਰੋਗਰਾਮ ਸੇਵਾਵਾਂ ਲਈ ਤੁਹਾਡੀ ਯੋਗਤਾ 1 ਅਪ੍ਰੈਲ, 2026 ਨੂੰ ਖਤਮ ਹੋ ਜਾਵੇਗੀ।

## ਮੈਂ ਸਥਾਈ ਨਿਵਾਸੀ ਬਣਨ ਦੀ ਮਿਤੀ ਕਿੱਥੋਂ ਲੱਭ ਸਕਦਾ/ਸਕਦੀ ਹਾਂ?

ਤੁਸੀਂ ਇਹ ਮਿਤੀ ਆਪਣੇ ਸਥਾਈ ਨਿਵਾਸ ਦੀ ਪੁਸ਼ਟੀ (Confirmation of Permanent Residence) ਦਸਤਾਵੇਜ਼ ਵਿੱਚ ਨਿੱਜੀ ਵੇਰਵੇ (Personal Details) ਭਾਗ ਵਿੱਚ "Became P.R. on" 'ਤੇ ਲੱਭ ਸਕਦੇ ਹੋ।

## ਕੌਣ-ਕੌਣ ਪ੍ਰਭਾਵਿਤ ਹੋਵੇਗਾ?

ਇਹ ਬਦਲਾਅ ਸਾਰੇ ਆਰਥਿਕ ਸ਼੍ਰੇਣੀ ਦੇ ਸਥਾਈ ਨਿਵਾਸੀਆਂ 'ਤੇ ਲਾਗੂ ਹੁੰਦਾ ਹੈ, ਜਿਸ ਵਿੱਚ ਮੁੱਖ ਬਿਨੈਕਾਰ ਅਤੇ ਉਹਨਾਂ ਦੇ ਨਾਲ ਆਏ ਜੀਵਨ-ਸਾਥੀ/ਪਾਰਟਨਰ ਅਤੇ ਆਸ਼ਰਿਤ (ਜੋ ਉਸੇ ਪਰਿਵਾਰਕ ਇਕਾਈ ਦੇ ਹਿੱਸੇ ਵਜੋਂ ਕੈਨੇਡਾ ਆਏ ਸਨ ਅਤੇ ਉਸੇ ਸਥਾਈ ਨਿਵਾਸ ਅਰਜ਼ੀ ਦੇ ਅਧੀਨ ਹਨ) ਸ਼ਾਮਲ ਹਨ।

ਆਰਥਿਕ ਸ਼੍ਰੇਣੀ ਦੇ ਪ੍ਰਵਾਸੀਆਂ ਵਿੱਚ ਉਹ ਲੋਕ ਸ਼ਾਮਲ ਹਨ ਜੋ ਐਕਸਪ੍ਰੈੱਸ ਐਂਟਰੀ (Express Entry), ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ (Provincial Nominee Program - PNP), ਕੰਮ ਨਾਲ ਸਬੰਧਤ ਪ੍ਰੋਗਰਾਮਾਂ (ਜਿਵੇਂ ਕਿ ਇਕੋਨੋਮਿਕ ਮੋਬਿਲਿਟੀ ਪਾਥਵੇਜ਼ ਪਾਇਲਟ [Economic Mobility Pathways Pilot], ਦੇਖਭਾਲਕਰਤਾ ਪ੍ਰੋਗਰਾਮ, ਨਿਵੇਸ਼ਕ ਜਾਂ ਕਾਰੋਬਾਰੀ ਪ੍ਰੋਗਰਾਮ, ਖੇਤਰੀ ਰੁਜ਼ਗਾਰ ਪ੍ਰੋਗਰਾਮ, ਆਦਿ) ਜਾਂ ਹੋਰ ਅਜਿਹੇ ਪ੍ਰੋਗਰਾਮਾਂ ਜਾਂ ਪਾਇਲਟਾਂ ਰਾਹੀਂ ਆਏ ਸਨ।

ਇਹ ਬਦਲਾਅ ਪਰਿਵਾਰਕ ਸ਼੍ਰੇਣੀ ਦੇ ਪ੍ਰਵਾਸੀਆਂ (ਸਪਾਂਸਰ ਕੀਤੇ ਪਰਿਵਾਰਕ ਮੈਂਬਰਾਂ), ਸ਼ਰਨਾਰਥੀਆਂ, ਜਾਂ ਸੈਟਲਮੈਂਟ ਪ੍ਰੋਗਰਾਮ ਦੇ ਹੋਰ ਲਾਭਪਾਤਰੀਆਂ 'ਤੇ ਲਾਗੂ ਨਹੀਂ ਹੋਣਗੇ।

## ਅੱਗੇ ਕੀ ਹੋਵੇਗਾ?

ਸੈਟਲਮੈਂਟ ਸੇਵਾ ਪ੍ਰਦਾਤਾ ਸੰਸਥਾਵਾਂ ਤੁਹਾਨੂੰ ਦੱਸ ਸਕਦੀਆਂ ਹਨ ਕਿ ਕੀ ਤੁਹਾਡੀ ਯੋਗਤਾ ਖਤਮ ਹੋ ਗਈ ਹੈ ਅਤੇ ਤੁਹਾਨੂੰ ਹੋਰ ਸੇਵਾਵਾਂ ਜਾਂ ਸੰਸਥਾਵਾਂ ਕੋਲ ਭੇਜ ਸਕਦੀਆਂ ਹਨ ਜੋ ਤੁਹਾਡੀਆਂ ਲੋੜਾਂ ਪੂਰੀਆਂ ਕਰ ਸਕਦੀਆਂ ਹਨ।